# <u>ਪ੍ਰੈਸ ਨੋਟ</u>

ਸ਼੍ਰੀ ਨਵਨੀਤ ਸਿੰਘ ਬੈਂਸ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਵੱਲੋਂ ਮਾੜੇ ਅਨਸਰਾਂ, **ਹਨੀ ਟਰੈਪ ਰਾਹੀਂ ਜਬਰੀ ਵਸੂਲੀ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ** ਵਿਸੇਸ਼ ਮੁਹਿੰਮ ਦੌਰਾਨ ਸ਼੍ਰੀ ਹਰਿੰਦਰਪਾਲ ਸਿੰਘ ਪਰਮਾਰ, ਪੀ.ਪੀ.ਐਸ, ਕਪਤਾਨ ਪੁਲਿਸ (ਡੀ), ਲੁਧਿਆਣਾ (ਦਿਹਾਤੀ) ਦੀ ਯੋਗ ਅਗਵਾਈ ਹੇਠ ਸ੍ਰੀ ਦਲਬੀਰ ਸਿੰਘ ਪੀ.ਪੀ.ਐਸ, ਉਪ ਕਪਤਾਨ ਪੁਲਿਸ ਦੇ ਦਿਸ਼ਾ ਨਿਰਦੇਸ਼ਾਂ ਤੇ ਇੰਸ: ਹੀਰਾ ਸਿੰਘ, ਇੰਚਾਰਜ ਸੀ.ਆਈ.ਏ ਸਟਾਫ ਨੂੰ ਸਫਲਤਾ ਮਿਲੀ, ਜਿਹਨਾਂ ਵੱਲੋਂ ਇੱਕ ਅਜਿਹੇ ਗੈਂਗ ਦਾ ਪਰਦਾ ਫਾਸ਼ ਕੀਤਾ ਹੈ ਜੋ ਭੋਲੇ ਭਾਲੇ ਲੋਕਾਂ ਨੂੰ ਪਹਿਲਾਂ ਜਨਾਨੀਆਂ ਪਾਸੋ ਫੋਨ ਕਰਵਾਂਉਦੇ ਸੀ ਅਤੇ ਬਾਅਦ ਵਿੱਚ ਉਹਨਾ ਨੂੰ ਇਹ ਕਹਿ ਕੇ ਬਲੈਕਮੈਲ ਕਰਦੇ ਸੀ ਕਿ ਜਿਹੜੀ ਜਨਾਨੀ ਨਾਲ ਤੂੰ ਗੱਲਾਂ ਕਰਦਾ ਸੀ ਉਸਨੇ ਜਹਿਰਲੀ ਚੀਜ ਪੀ ਲਈ ਹੈ ਅਤੇ ਹੁਣ ਉਹ ਹਸਪਤਾਲ ਵਿੱਚ ਮਰਨ ਕਿਨਾਰੇ ਪਈ ਹੈ। ਜੇਕਰ ਤੂੰ ਚਾਹੰਦਾ ਹੈਂ ਕਿ ਉਹ ਤੇਰੇ ਖਿਲਾਫ ਪੁਲਿਸ ਕੋਲੇ ਬਿਆਨ ਨਾ ਦੇਵੇ ਤਾ ਤੂੰ ਸਾਨੂੰ ਮੋਟੀ ਰਕਮ ਦੇ ਨਹੀਂ ਤਾਂ ਤੇਰੇ ਖਿਲਾਫ ਕਤਲ ਦਾ ਮੁੱਕਦਮਾ ਦਰਜ ਹੋ ਜਾਵੇਗਾ। ਅਜਿਹਾ ਹੀ ਇੱਕ ਵਿਅਕਤੀ ਨਾਲ ਵੀ ਹੋਇਆ,ਜੋ ਕਿ ਇਨਾਂ ਤੋਂ ਡਰਦਾ ਮਾਰਾ 50,000/-ਰੁਪਏ ਦੇ ਚੁੱਕਿਆ ਸੀ ਅਤੇ ਦੋਸ਼ੀਆਂ ਨੇ ਉਸ ਪਾਸੋਂ 70,000/- ਰੁਪਏ ਹੋਰ ਲੈਣੇ ਸੀ। ਜਦੋ ਦੋਸ਼ੀਆਨ ਨਿਰਮਲ ਸਿੰਘ ਉਰਫ ਮੋਨੂੰ ਅਤੇ ਇਕਬਾਲ ਸਿੰਘ ਉਰਫ ਬੰਟੀ ਇਹ ਉਕਤ ਪੈਸੇ ਲੈਣ ਆਏ ਤਾਂ ਸੀ.ਆਈ.ਏ ਸਟਾਫ ਦੇ ਮੁਲਾਜਮਾ ਨੇ ਉਹ ਦੋਨੋ ਕਾਬੂ ਕਰ ਲਏ ਉਕਤ ਦੋਸ਼ੀਆਂ ਪਰ ਹਨੀ ਟਰੈਪ ਨਾਲ ਸਬੰਧਿਤ ਹੋਰ ਵੀ ਮੁਕੱਦਮੇ ਦਰਜ ਹਨ ਦੋਸ਼ੀਆਂ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਉਕਤ ਰਕਮ ਦੀ ਬ੍ਰਾਮਦਗੀ ਕਰਵਾਈ ਜਾਵੇਗੀ ।

**ਦੋਸੀਆ ਦੇ ਨਾਮ:-**

1. ਨਿਰਮਲ ਸਿੰਘ ਉਰਫ ਮੋਨੂੰ ਪੁੱਤਰ ਦਿਲਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਕਮਾਲਪੁਰਾ ਥਾਣਾ ਹਠੂਰ ਜਿਲ੍ਹਾ ਲੁਧਿਆਣਾ।
2. ਮਨਜੀਤ ਕੋਰ ਪਤਨੀ ਨਿਰਮਲ ਸਿੰਘ ਵਾਸੀ ਕਮਾਲਪੁਰਾ ਥਾਣਾ ਹਠੂਰ ਜਿਲ੍ਹਾ ਲੁਧਿਆਣਾ ।
3. ਇਕਬਾਲ ਸਿੰਘ ਉਰਫ ਬੰਟੀ ਪੁੱਤਰ ਸੁਖਦੇਵ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮੁਲੱਾਪੁਰ ਥਾਣਾ ਦਾਖਾ ਜਿਲ੍ਹਾ ਧਆਣਾ
4. ਕੁਲਵਿੰਦਰ ਕੌਰ ਪਤਨੀ ਇਕਬਾਲ ਸਿੰਘ ਵਾਸੀ ਮੁੱਲਾਪੁਰ ਥਾਣਾ ਦਾਖਾ ਜਿਲ੍ਹਾ ਲੁਧਿਆਣਾ ।

**ਦੋਸੀਆਨ ਨਿਰਮਲ ਸਿੰਘ ਉਰਫ ਮੋਨੂੰ ਅਤੇ ਇਕਬਾਲ ਸਿੰਘ ਉਰਫ ਬੰਟੀ ਖਿ਼ਲਾਫ ਦਰਜ ਮੁਕੱਦਿਆ ਦਾ ਵੇਰਵਾ:-**

1.ਮੁਕੱਦਮਾ ਨੰਬਰ 197 ਮਿਤੀ 29.12.2020 ਅ/ਧ 389,392,419, 120-ਬੀ IPC ਥਾਣਾ ਸਿਟੀ ਜਗਰਾਉਂ

2.ਮੁਕੱਦਮਾ ਨੰਬਰ 38 ਮਿਤੀ 15.03.2021 ਅ/ਧ 420,384,389,120-ਬੀ , 67 IT ACT IPC ਥਾਣਾ ਸਾਊਥ ਸਿਟੀ ਮੋਗਾ ।

3.ਮੁਕੱਦਮਾ ਨੰਬਰ 25 ਮਿਤੀ 03.08.2021 ਅ/ਧ 384,385,389,, IPC ਥਾਣਾ ਕੋਟਈਸੇ ਖਾਂ ਮੋਗਾ ।

4.ਇੱਕ ਕੰਪਲੇਟ ਕੇਸ ਤੇ ਅਧਾਰਿਤ ਮੁਕੱਦਮਾ ਨੰਬਰ 210 ਮਿਤੀ 18.02.2018 ਅ/ਧ 138-NI ACT ਥਾਣਾ ਸਿਟੀ ਰਾਏਕੋਟ।

<u>ਬ੍ਰਾਮਦਗੀ </u>:- 15,000/- ਰੁਪਏ

# **ਪ੍ਰੈਸ ਨੋਟ**

ਸ਼੍ਰੀ ਨਵਨੀਤ ਸਿੰਘ ਬੈਂਸ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਵੱਲੋਂ ਠੱਗੀਆਂ ਮਾਰਨ ਵਾਲੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸੇਸ਼ ਮੁਹਿੰਮ ਦੌਰਾਨ ਸ਼੍ਰੀ ਹਰਿੰਦਰਪਾਲ ਸਿੰਘ ਪਰਮਾਰ, ਪੀ.ਪੀ.ਐਸ, ਕਪਤਾਨ ਪੁਲਿਸ (ਡੀ), ਲੁਧਿਆਣਾ (ਦਿਹਾਤੀ) ਦੀ ਯੋਗ ਅਗਵਾਈ ਹੇਠ ਸ੍ਰੀ ਦਲਬੀਰ ਸਿੰਘ ਪੀ.ਪੀ.ਐਸ, ਉਪ ਕਪਤਾਨ ਪੁਲਿਸ ਦੇ ਦਿਸ਼ਾ ਨਿਰਦੇਸ਼ਾਂ ਤੇ ਇੰਸ: ਹੀਰਾ ਸਿੰਘ, ਇੰਚਾਰਜ ਸੀ.ਆਈ.ਏ ਸਟਾਫ ਨੂੰ ਵਿਸ਼ੇਸ਼ ਸਫਲਤਾ ਮਿਲੀ ਹੈ, ਜਿਸ ਵਿੱਚ ਮੁਦੱਈ ਮੁੱਕਦਮਾ **ਗੁਰਨਾਮ ਸਿੰਘ ਪੁੱਤਰ ਜੁਗਿੰਦਰ ਸਿੰਘ ਵਾਸੀ ਕੱਚਾ ਕਿਲਾ ਜਗਰਾਉ ਨੇ ਮੁਕਦੱਮਾ ਨੰਬਰ 265 ਮਿਤੀ 18.12.2022 ਜੁਰਮ 406/120-ਬੀ IPC ਥਾਣਾ ਸਿਟੀ ਜਗਰਾਉਂ** ਦਰਜ ਕਰਵਾਇਆ ਸੀ ਕਿ ਕੁੱਝ **ਅਣਪਛਾਤੇ ਵਿਅਕਤੀਆਂ ਨੇ ਉਸਨੂੰ ਅਤੇ ਉਸਦੀ ਘਰਵਾਲੀ ਨੂੰ ਬਾਬੇ/ਮਹਾਂਪੁਰਸ਼ ਬਣ ਕੇ ਸੋਨਾ ਦੁੱਗਣਾ ਕਰਨ ਦੇ ਝਾਂਸੇ ਵਿੱਚ ਲੈ ਕੇ ਕਰੀਬ 28 ਤੋਲੇ ਸੋਨੇ ਦੀ ਠੱਗੀ** ਮਾਰੀ ਹੈ। ਜਿਸ ਦੀ ਤਫਤੀਸ ਕਰਦਿਆ INSP.ਹੀਰਾ ਸਿੰਘ ,ਇੰਚਾਰਜ ਸੀ.ਆਈ.ਏ ਸਟਾਫ ਜਗਰਾਉ ਨੇ ਸੋਰਸ ਲਗਾ ਕੇ ਮੁੱਕਦਮਾ ਟਰੇਸ ਕੀਤਾ ਅਤੇ ਦੋਸ਼ੀਆਂ ਵਿੱਚੋ 02 ਦੋਸੀ ਗ੍ਰਿਫਤਾਰ ਕਰ ਲਏ ਹਨ , ਜਿੰਨਾ ਦੇ ਨਾਮ ਪਰਮਜੀਤ ਕੋਰ ਪਤਨੀ ਮਨਜਿੰਦਰ ਸਿੰਘ ਵਾਸੀ ਮੁੱਹਲਾ ਰਾਮਪੁਰ ਨੇੜੇ ਸੇਰਪੁਰ ਫਾਟਕ ਦਾਣਾ ਮੰਡੀ, ਜਗਰਾਉਂ ਅਤੇ ਅਸੋਕ ਪੁੱਤਰ ਜੰਗ ਸਿੰਘ ਵਾਸੀ ਪਿੰਡ ਸਲੇਮਪੁਰ ਥਾਣਾ ਸਿੱਧਵਾ ਬੇਟ ਜਿਲ੍ਹਾ ਲੁਧਿਆਣਾ ਹਨ**, ਜਿੰਨਾ ਪਾਸੋ 02 ਜੋੜੀਆ ਬਾਲੀਆ ਸੋਨਾ ਬ੍ਰਾਮਦ ਕਰਵਾਈਆਂ ਜਾ ਚੁੱਕੀਆਂ ਹਨ** । ਦੋਸ਼ੀਆਂ ਪਰ ਅਜਿਹੀਆ ਠੱਗੀਆਂ ਦੇ ਹੋਰ ਵੀ ਮੁੱਕਦਮੇ ਦਰਜ ਹਨ, ਦੋਸ਼ੀਆ ਨੂੰ ਅੱਜ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਿਲ ਕਰਕੇ ਉਹਨਾਂ ਪਾਸੋ "ਹੋਰ ਪੁੱਛ ਗਿੱਛ ਕਰਕੇ ਬਾਕੀ ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਹੋਰ ਬ੍ਰਾਮਦਗੀ ਕਰਵਾਈ ਜਾਵੇਗੀ।

**ਗ੍ਰਿਫਤਾਰ ਦੋਸ਼ੀ:-**

1. ਪਰਮਜੀਤ ਕੋਰ ਪਤਨੀ ਮਨਜਿੰਦਰ ਸਿੰਘ ਵਾਸੀ ਲੱਖਾ ਹਾਲ ਵਾਸੀ ਪੁੱਤਰੀ ਨਹਾਰ ਸਿੰਘ ਵਾਸੀ ਮੁੱਹਲਾ ਰਾਮਪੁਰ ਨੇੜੇ ਸੇਰਪੁਰ ਫਾਟਕ ਦਾਣਾ ਮੰਡੀ ਜਗਰਾਉ ।
2. ਅਸੋਕ ਪੁੱਤਰ ਜੰਗ ਸਿੰਘ ਪੁੱਤਰ ਦੁਫੈਲਾ ਰਾਮ ਵਾਸੀ ਪਿੰਡ ਸਲੇਮਪੁਰ ਥਾਣਾ ਸਿੱਧਵਾ ਬੇਟ ਜਿਲ੍ਹਾ ਲੁਧਿਆਣਾ ।

**ਦੋਸਣ ਪਰਮਜੀਤ ਕੋਰ ਖਿਲ਼ਾਫ ਦਰਜ ਮੁਕੱਦਿਆ ਦਾ ਵੇਰਵਾ:-**

1. ਮੁਕਦੱਮਾ ਨੰਬਰ 185 ਮਿਤੀ 27.08.2022 ਜੁਰਮ 420/379/34 IPC ਥਾਣਾ ਡਵੀਜਨ ਨੰਬਰ 08 ਲੁਧਿਆਣਾ ।

ਬ੍ਰਾਮਦਗੀ:- 02 ਜੋੜੇ ਬਾਲੀਆ ਸੋਨਾ ਬ੍ਰਾਮਦ ਕੀਤਾ ਗਿਆ ।